# 2024-25 ਹਾੜ੍ਹੀ ਮੰਡੀਕਰਨ ਮੌਸਮ ਲਈ ਫ਼ਸਲਾਂ ਦਾ ਐਮ ਐਸ ਪੀ ਬਨਾਮ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ

ਆਉ 2024-25 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਪਿਛਲੇ ਸਾਲ ਉਹਨਾਂ ਦੀ ਅੰਦਾਜ਼ਨ ਵਿਆਪਕ ਉਤਪਾਦਨ ਲਾਗਤ ਉੱਤੇ ਇੱਕ ਨਜ਼ਰ ਮਾਰੀਏ। ਖੇਤੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਦੀ ਗਣਨਾ ਦੇ ਅਨੁਸਾਰ, 2024-25 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਦੀ ਅੰਦਾਜ਼ਨ ਕੁੱਲ ਉਤਪਾਦਨ ਲਾਗਤ 1,652 ਰੁਪਏ ਪ੍ਰਤੀ ਕੁਇੰਟਲ ਸੀ, ਅਤੇ ਜੌਂ ਦੀ 1,614 ਰੁਪਏ ਪ੍ਰਤੀ ਕੁਇੰਟਲ ਹੈ।

ਖੇਤੀਬਾੜੀ ਲਾਗਤਾਂ ਅਤੇ ਕੀਮਤ ਕਮਿਸ਼ਨ (ਸੀ ਏ ਸੀ ਪੀ) ਨੇ 2024-25 ਹਾੜ੍ਹੀ ਮੰਡੀਕਰਨ ਮੌਸਮ ਲਈ ਭਾਰਤ ਦੀਆਂ ਹਾੜ੍ਹੀ ਦੀਆਂ ਫ਼ਸਲਾਂ ਦੀ ਪੈਦਾਵਾਰ ਲਾਗਤ ਦਾ ਅਨੁਮਾਨ ਲਗਾਇਆ ਹੈ। ਇਨ੍ਹਾਂ ਲਾਗਤਾਂ ਦੇ ਆਧਾਰ 'ਤੇ, ਸੀ ਏ ਸੀ ਪੀ ਨੇ ਹਾੜ੍ਹੀ ਦੀਆਂ ਫ਼ਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮ ਐਸ ਪੀ) ਦੀ ਸਿਫ਼ਾਰਸ਼ ਕੀਤੀ ਸੀ ਜਿਸ ਨੂੰ 18 ਅਕਤੂਬਰ, 2023 ਨੂੰ ਭਾਰਤੀ ਮੰਤਰੀ ਮੰਡਲ ਨੇ ਮਨਜ਼ੂਰੀ ਦਿੱਤੀ ਸੀ।

ਸੀ ਏ ਸੀ ਪੀ ਦੀ ਗਣਨਾ ਦੇ ਮੁਤਾਬਿਕ, ਫ਼ਸਲਾਂ ਦੀ ਪੈਦਾਵਾਰ ਦੀ ਲਾਗਤ ਵਿੱਚ ਏ2 (ਅਸਲ ਅਦਾ ਕੀਤੀ ਲਾਗਤ), ਏ2 + ਐਫ ਐਲ (ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ) ਅਤੇ ਸੀ2 [ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}] ਸ਼ਾਮਿਲ ਹਨ। ਕਮਿਸ਼ਨ ਹਰੇਕ ਫ਼ਸਲ ਲਈ ਪੈਦਾਵਾਰ ਲਾਗਤ ਦੀ ਗਣਨਾ ਲਈ ਰਾਜ-ਵਾਰ ਅਸਲ ਲਾਗਤ ਅਨੁਮਾਨ ਲੈਂਦਾ ਹੈ।

2024-25 ਹਾੜ੍ਹੀ ਮੰਡੀਕਰਨ ਮੌਸਮ ਲਈ ਕਣਕ ਅਤੇ ਜੌਂ ਦਾ ਐਮ ਐਸ ਪੀ ਕ੍ਰਮਵਾਰ 2,275 ਰੁਪਏ ਪ੍ਰਤੀ ਕੁਇੰਟਲ ਅਤੇ 1,850 ਰੁਪਏ ਪ੍ਰਤੀ ਕੁਇੰਟਲ ਹੈ।

ਦਾਲਾਂ ਵਿੱਚੋਂ, ਮਸਰ ਲਈ ਵਿਆਪਕ ਅੰਦਾਜ਼ਨ ਲਾਗਤ 4,547 ਰੁਪਏ ਪ੍ਰਤੀ ਕੁਇੰਟਲ ਅਤੇ ਛੋਲਿਆਂ ਲਈ 4,890 ਰੁਪਏ ਪ੍ਰਤੀ ਕੁਇੰਟਲ ਹੈ। ਮਸਰਾਂ ਅਤੇ ਛੋਲਿਆਂ ਦਾ ਘੱਟੋ-ਘੱਟ ਸਮਰਥਨ ਮੁੱਲ ਕ੍ਰਮਵਾਰ 6,425 ਰੁਪਏ ਪ੍ਰਤੀ ਕੁਇੰਟਲ ਅਤੇ 5,440 ਰੁਪਏ ਪ੍ਰਤੀ ਕੁਇੰਟਲ ਹੈ।

ਤੇਲ ਬੀਜਾਂ ਵਿੱਚ, ਸੀ ਏ ਸੀ ਪੀ ਨੇ ਤੋਰੀਆ-ਸਰ੍ਹੋਂ ਲਈ 4,068 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,414 ਰੁਪਏ ਪ੍ਰਤੀ ਕੁਇੰਟਲ ਵਿਆਪਕ ਅੰਦਾਜ਼ਨ ਪੈਦਾਵਾਰ ਲਾਗਤ ਦੀ ਗਣਨਾ ਕੀਤੀ ਹੈ। ਤੋਰੀਆ-ਸਰ੍ਹੋਂ ਦਾ ਘੱਟੋ-ਘੱਟ ਸਮਰਥਨ ਮੁੱਲ 5,650 ਰੁਪਏ ਪ੍ਰਤੀ ਕੁਇੰਟਲ ਅਤੇ ਕੁਸੰਭਾ ਲਈ 5,800 ਰੁਪਏ ਪ੍ਰਤੀ ਕੁਇੰਟਲ ਹੈ।

**2024-25 ਹਾੜ੍ਹੀ ਮੰਡੀਕਰਨ ਮੌਸਮ ਲਈ ਫ਼ਸਲਾਂ ਦੀ ਅੰਦਾਜ਼ਨ ਪੈਦਾਵਾਰ ਲਾਗਤ ਅਤੇ ਐਮ ਐਸ ਪੀ**

| **ਫ਼ਸਲ** | **2024-25 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਅੰਦਾਜ਼ਨ ਪੈਦਾਵਾਰ ਲਾਗਤ (ਰੁਪਏ ਪ੍ਰਤੀ ਕੁਇੰਟਲ)** | | | **2024-25 ਦੇ ਲਈ ਐਮ ਐਸ ਪੀ (ਰੁਪਏ/ਕੁਇੰਟਲ)** |
|---|---|---|---|---|
| | ***ਏ2** | ****ਏ2+ਐਫਐਲ** | **#ਸੀ2** | |
| ਕਣਕ | 903 | 1,128 | 1,652 | 2,275 |
| ਜੌਂ | 758 | 1,158 | 1,614 | 1,850 |
| ਛੋਲੇ | 2,651 | 3,400 | 4,547 | 5,440 |
| ਮਸਰ | 2,543 | 3,405 | 4,890 | 6,425 |
| ਸਰ੍ਹੋਂ ਅਤੇ ਤਾਰਾਮੀਰਾ | 1,957 | 2,855 | 4,068 | 5,650 |
| ਕੁਸੰਭਾ | 2,830 | 3,807 | 5,414 | 5,800 |

**ਸਰੋਤ:** ਸੀ ਏ ਸੀ ਪੀ ਗਣਨਾ

ਏ2: ਅਸਲ ਅਦਾ ਕੀਤੀ ਲਾਗਤ

ਏ2+ਐਫਐਲ: ਅਸਲ ਅਦਾ ਕੀਤੀ ਲਾਗਤ ਅਤੇ ਪਰਿਵਾਰਕ ਮਿਹਨਤ ਦਾ ਮੁੱਲ

#ਸੀ2: ਵਿਆਪਕ ਲਾਗਤ ਜਿਸ ਵਿੱਚ ਆਪਣੀ ਜ਼ਮੀਨ ਦਾ ਠੇਕਾ {ਸ਼ੁੱਧ ਭੂਮੀ ਮਾਲੀਆ ਅਤੇ ਆਪਣੀ ਸਥਿਰ ਪੂੰਜੀ ਸੰਪਤੀਆਂ ਦੇ ਮੁੱਲ 'ਤੇ ਵਿਆਜ (ਜ਼ਮੀਨ ਨੂੰ ਛੱਡ ਕੇ)}